# ਉਡਣਾ ਸਿੱਖ - ਮਿਲਖਾ ਸਿੰਘ

ਮਿਲਖਾ ਸਿੰਘ ਸੱਤਰ ਮੁਲਕਾਂ 'ਚ ਮੁਕਾਬਲੇ ਦੀ ਦੌੜ ਦੌੜਿਆ। ਬਿਆਸੀ ਮੁਕਾਬਲਿਆਂ 'ਚ ਉਨਾਸੀ ਵਾਰ ਉਹਨੂੰ ਜਿੱਤ ਨਸੀਬ ਹੋਈ। ਅਜੇ ਤੱਕ ਏਸ਼ੀਆ ਦੀ ਧਰਤੀ ਉਹਦੇ ਜਿਹਾ ਹੋਰ ਦੌੜਾਕ ਪੈਦਾ ਨਹੀਂ ਕਰ ਸਕੀ। 1960 ਵਿਚ ਉਹਨੇ 400 ਮੀਟਰ ਦੀ ਦੌੜ 45.6 ਸੈਕਿੰਡ ਵਿਚ ਲਾਈ ਸੀ। ਦੁਨੀਆਂ ਹਰ ਰੋਜ਼ ਤਰੱਕੀ ਕਰਦੀ ਹੈ ਪਰ ਅੱਜ ਤਕ ਵੀ ਏਸ਼ੀਆ ਦਾ ਕੋਈ ਅਥਲੀਟ ਮਿਲਖਾ ਸਿੰਘ ਦੇ ਰਿਕਾਰਡ ਤਕ ਨਹੀਂ ਪਹੁੰਚ ਸਕਿਆ। ਚਾਰ ਸੌ ਮੀਟਰ ਦੀ ਦੌੜ ਵਿਚ ਜਗਤ ਪ੍ਰਸਿੱਧੀ ਹਾਸਲ ਕਰਨ ਲਈ ਉਹਨੂੰ ਤੀਹ ਹਜ਼ਾਰ ਮੀਲ ਦੌੜਨ ਦਾ ਅਭਿਆਸ ਕਰਨਾ ਪਿਆ।

ਇਸ ਅਦੁੱਤੀ ਮਨੁੱਖ ਦੀ ਜਨਮ ਮਿਤੀ ਦਾ ਕਿਸੇ ਨੂੰ ਵੀ ਨਹੀਂ ਪਤਾ। ਉਹ ਆਪ ਵੀ ਏਨਾ ਕੁ ਜਾਣਦਾ ਹੈ ਕਿ ਉਹਦਾ ਬਚਪਨ ਪੱਛਮੀ ਪੰਜਾਬ ਦੇ ਮੁਜ਼ੱਫਰਗੜ੍ਹ ਵਿਚ ਕੋਟ ਅੱਦੂ ਦੇ ਨੇੜੇ ਪਿੰਡ ਗੋਬਿੰਦਪੁਰਾ ਵਿਚ ਬੀਤਿਆ। ਮਾਤਾ-ਪਿਤਾ ਦਾ ਸਾਇਆ ਬਚਪਨ ਵਿਚ ਹੀ ਉਠ ਗਿਆ ਸੀ। ਉਸ ਦਾ ਪਾਲਣ ਪੋਸਣ ਵੱਡੀ ਭੈਣ ਨੇ ਕੀਤਾ। ਇਹ ਅੱਠ ਭੈਣ-ਭਰਾਵਾਂ ਵਿਚੋਂ ਸਭ ਤੋਂ ਛੋਟਾ ਸੀ। ਉਹਨਾਂ ਦਾ ਪਰਿਵਾਰ ਖੇਤੀ ਕਰਦਾ ਸੀ। ਉਹ ਪੰਜ ਭਰਾ ਸਨ ਤੇ ਤਿੰਨ ਭੈਣਾਂ। ਪਿੰਡੋਂ ਪੰਜ-ਛੇ ਮੀਲ ਦੂਰ ਉਹ ਨੰਗੇ ਪੈਰੀਂ ਪੜ੍ਹਨ ਜਾਂਦਾ। ਤਪਦੀਆਂ ਧੁੱਪਾਂ ਵਿਚ ਰੇਤਲੇ ਰਾਹ ਉੱਤੇ ਉਹਦੇ ਪੈਰ ਭੁੱਜਦੇ ਤਾਂ ਉਹ ਦੌੜਨ ਲਗ ਪੈਂਦਾ ਤੇ ਕਿਸੇ ਕਿੱਕਰ ਦੀ ਛਾਵੇਂ ਜਾ ਕੇ ਠੰਢੇ ਕਰਦਾ। ਠੰਢੀ ਛਾਂ ਦੀ ਤਾਂਘ ਵਿਚ ਉਹ ਇਸ ਮਹਾਨ ਦੌੜਾਕ ਦੇ ਜੀਵਨ ਦੀਆਂ ਪਹਿਲੀਆਂ ਦੌੜਾਂ ਸਨ।



1947 ਵਿਚ ਦੇਸ਼ ਦੀ ਵੰਡ ਸਮੇਂ ਮਿਲਖਾ ਸਿੰਘ ਸੱਤਵੀਂ-ਅੱਠਵੀਂ 'ਚ ਪੜ੍ਹਦਾ

**ਔਖੇ ਸ਼ਬਦਾਂ ਦੇ ਅਰਥ**

ਅਦੁੱਤੀ : ਅਦਭੁੱਤ, ਨਿਰਾਲੀ, ਵਿਲੱਖਣ

**ਔਖੇ ਸ਼ਬਦਾਂ ਦੇ ਅਰਥ**

ਫੁਲਿਆ ਨਹੀਂ
ਸਮਾਇਆ : ਬਹੁਤ ਖੁਸ਼ ਹੋਣਾ
ਮੂਹਰੇ : ਅੱਗੇ

ਸੀ। ਉਹਦਾ ਵੱਡਾ ਭਰਾ ਮੱਖਣ ਸਿੰਘ, ਮੁਲਤਾਨ ਫ਼ੌਜ ਵਿਚ ਸੀ। ਪਰ ਦੇਸ਼ ਦੇ ਦੰਗਿਆਂ ਨੇ ਉਸ ਦਾ ਜੀਵਨ ਹੀ ਬਦਲ ਦਿੱਤਾ। ਮਿਲਖਾ ਸਿੰਘ ਜਾਨ ਬਚਾਉਣ ਵਾਸਤੇ ਮੁਲਤਾਨ ਚਲਾ ਗਿਆ।

ਮਿਲਖਾ ਸਿੰਘ ਦੇ ਵੱਡੇ ਭਰਾ ਨੇ ਉਸ ਨੂੰ ਫ਼ੌਜ ਵਿਚ ਭਰਤੀ ਕਰਵਾਉਣ ਲਈ ਵਾਰ-ਵਾਰ ਕੋਸ਼ਿਸ਼ ਕੀਤੀ ਪਰ ਕਾਮਯਾਬੀ ਉਹਨਾਂ ਨੂੰ 1952 ਵਿਚ ਜਾ ਕੇ ਹੋਈ। ਉਸ ਦਿਨ ਮਿਲਖਾ ਸਿੰਘ ਫੁਲਿਆ ਨਹੀਂ ਸੀ ਸਮਾਇਆ।

1953 ਵਿਚ ਉਹਨੂੰ ਦੌੜ-ਮੁਕਾਬਲਿਆਂ ਦਾ ਪਤਾ ਲੱਗਾ। ਉਦੋਂ ਉਹਦੀ ਉਮਰ ਵੀਹ ਸਾਲ ਤੋਂ ਉਪਰ ਹੋਵੇਗੀ। ਯੂਰਪ, ਅਮਰੀਕਾ ਦੇ ਅਥਲੀਟ ਵੀਹ-ਬਾਈ ਸਾਲ ਦੀ ਉਮਰ ਵਿਚ ਹੀ ਆਪਣਾ ਸਿਖ਼ਰ ਛੋਹ ਲੈਂਦੇ ਸਨ।

ਸਰੀਰ ਪੱਖੋਂ ਮਿਲਖਾ ਸਿੰਘ ਕਮਜ਼ੋਰ ਸੀ। ਛਾਤੀ ਦਾ ਘੱਟ ਨਾਪ ਉਸ ਲਈ ਫੌਜ ਵਿਚ ਭਰਤੀ ਹੋਣ 'ਚ ਵੱਡੀ ਰੁਕਾਵਟ ਸੀ। ਭਰਤੀ ਕਰਨ ਵਾਲੇ ਉਹਦੀ ਮਿਣਤੀ ਕਰਕੇ ਪਿਛੇ ਮੋੜ ਦਿੰਦੇ। ਰੰਗਰੂਟੀ ਕਰਨ ਵੇਲੇ ਜੁਆਨਾਂ ਦੀਆਂ ਖੇਡਾਂ ਹੋਈਆਂ। ਮਿਲਖਾ ਸਿੰਘ ਕਰਾਸ ਕੰਟਰੀ ਵਿਚ ਛੇਵੇਂ ਨੰਬਰ 'ਤੇ ਆਇਆ। ਫਿਰ ਮਿਲਖਾ ਸਿੰਘ ਤੋਂ ਪੁੱਛਿਆ ਗਿਆ, "ਚਾਰ ਸੌ ਮੀਟਰ ਦੌੜ ਲਏਂਗਾ ?"

ਮਿਲਖਾ ਸਿੰਘ ਨੇ ਪੁੱਛਿਆ, "ਚਾਰ ਸੌ ਮੀਟਰ ਦੌੜ ਕਿੰਨੀ ਹੁੰਦੀ ਐ ?" ਜਦੋਂ ਉਹਨੂੰ ਦੱਸਿਆ ਗਿਆ ਕਿ 400 ਮੀਟਰ ਟਰੈਕ ਦਾ ਇਕੋ ਚੱਕਰ ਹੁੰਦੀ ਹੈ ਤਾਂ ਉਹਨੇ ਕਿਹਾ, "ਇਕ ਚੱਕਰ ਛੱਡ ਮੈਂ ਦਸ ਚੱਕਰ ਲਾ ਸਕਦਾਂ।"

ਫਿਰ ਉਸਤਾਦ ਨੇ ਸਮਝਾਇਆ ਕਿ ਇਕੋ ਚੱਕਰ ਵਿਚ ਦਸ ਚੱਕਰਾਂ ਜਿੰਨਾ ਜ਼ੋਰ ਲਾ ਦੇਣਾ ਹੈ। ਮਿਲਖਾ ਸਿੰਘ ਨੇ ਉਵੇਂ ਹੀ ਕੀਤਾ ਤੇ ਆਪਣੀ ਕੰਪਨੀ ਵਿਚ ਪਹਿਲੇ ਨੰਬਰ 'ਤੇ ਆ ਗਿਆ। ਉਦੋਂ ਉਹਦਾ ਟਾਈਮ ਇਕ ਮਿੰਟ ਤਿੰਨ ਸੈਕਿੰਡ ਸੀ। ਇਸ ਪਿਛੋਂ ਉਹਦੇ ਧੁਰ ਅੰਦਰੋਂ ਸੁੱਤੀਆਂ ਸ਼ਕਤੀਆਂ ਜਾਗ ਪਈਆਂ। ਫ਼ੌਜੀਆਂ ਵਾਲੀ ਸਾਧਾਰਨ ਦਾਲ-ਰੋਟੀ ਖਾ ਕੇ ਉਹ ਦਿਨ-ਰਾਤ ਦੌੜਨ ਦਾ ਅਭਿਆਸ ਕਰਨ ਲੱਗਾ। ਉਹਦੇ ਅਫ਼ਸਰ ਉਹਦੇ ਅੰਦਰ ਹੋਣਹਾਰ ਦੌੜਾਕ ਬਣਨ ਦੀਆਂ ਸੰਭਾਵਨਾਵਾਂ ਵੇਖਦੇ, ਉਹਨੂੰ ਡਿਊਟੀ ਤੋਂ ਛੁੱਟੀ ਦੇ ਦਿੰਦੇ ਤੇ ਉਹ ਗਰਾਊਂਡ ਵਿਚ ਦੌੜਿਆ ਫਿਰਦਾ। ਰਾਤ ਨੂੰ ਜਦੋਂ ਉਹਦੇ ਸਾਥੀ ਸੌਂ ਜਾਂਦੇ ਤਾਂ ਉਹ ਉਹਨਾਂ ਤੋਂ ਅੱਖ ਬਚਾ ਫੇਰ ਗਰਾਊਂਡ ਵਿਚ ਆ ਜਾਂਦਾ। ਹਨੇਰੇ ਵਿਚ ਮੀਲ ਕੁ ਦੇ ਕਰੀਬ ਦੌੜਦਾ, ਫੇਰ ਬੈਠ ਜਾਂਦਾ, ਫੇਰ ਦੌੜਦਾ, ਫੇਰ ਬੈਠ ਜਾਂਦਾ। ਉਹਨੂੰ ਕੋਈ ਬਾਕਾਇਦਾ ਸਿਖਲਾਈ ਨਹੀਂ ਸੀ ਮਿਲ ਰਹੀ। ਆਖਿਰ ਥੱਕਿਆ ਟੁੱਟਿਆ ਉਹ ਮੰਜੀ ਹੇਠਾਂ ਪਲੇਟ ਨਾਲ ਢੱਕੀ ਰੋਟੀ ਖਾ ਕੇ ਸੌਂ ਜਾਂਦਾ।

ਹੌਲੀ-ਹੌਲੀ ਉਹਦੀ ਦੌੜ ਤੇਜ਼ ਹੁੰਦੀ ਗਈ। ਸਰੀਰ ਜ਼ੋਰ ਫੜਦਾ ਗਿਆ ਤੇ ਦਮ ਹੋਰ ਪੱਕਦਾ ਗਿਆ। ਆਪਣੇ ਸੈਂਟਰ ਦੇ ਦੌੜ-ਮੁਕਾਬਲਿਆਂ ਤੋਂ ਲੈ ਕੇ ਸਮੁੱਚੀ ਫ਼ੌਜ ਦੇ ਦੌੜ-ਮੁਕਾਬਲਿਆਂ ਵਿਚ ਉਹ ਮੂਹਰੇ ਆਉਣ ਲੱਗਾ। ਉਹਨੀਂ ਦਿਨੀਂ ਭਾਰਤੀ ਫ਼ੌਜ ਦੇ ਦੋ ਹੋਰ

ਵਧੀਆ ਦੌੜਾਕ ਸਨ—ਜੋਗਿੰਦਰ ਸਿੰਘ ਤੇ ਸੋਹਣ ਸਿੰਘ। ਉਹਨਾਂ ਨੇ ਨਵੇਂ ਉਠਦੇ ਮਿਲਖਾ ਸਿੰਘ ਨੂੰ ਹਮੇਸ਼ਾ ਦਬਾਉਣ ਦੀ ਹੀ ਕੋਸ਼ਿਸ਼ ਕੀਤੀ। ਪਰ ਮਿਲਖਾ ਸਿੰਘ ਉਹਨਾਂ ਦੀ ਈਰਖਾ ਤੋਂ ਨਿਰਲੇਪ ਆਪਣੀ ਧੁਨ ਵਿਚ ਲੱਗਾ ਰਿਹਾ। ਗਰਾਊਂਡ ਉਹਦੇ ਲਈ ਰੱਬ-ਘਰ ਬਣ ਗਿਆ ਤੇ ਦੌੜਨਾ ਨਿੱਤਨੇਮ। ਦੌੜਦਿਆਂ ਵਧੇਰੇ ਜ਼ੋਰ ਲੱਗਣ ਨਾਲ ਉਹ ਕਈ ਵਾਰ ਬੇਹੋਸ਼ ਹੋਇਆ। ਇਸ ਦੇ ਬਾਵਜੂਦ ਉਹਨੇ ਦੌੜਨਾ ਜਾਰੀ ਰੱਖਿਆ।



1956 ਵਿਚ ਮੈਲਬੋਰਨ ਦੀਆਂ ਉਲੰਪਿਕ ਖੇਡਾਂ ਵਿਚ ਮਿਲਖਾ ਸਿੰਘ ਭਾਰਤੀ ਟੀਮ ਵਿਚ ਚੁਣਿਆ ਗਿਆ। ਖੇਡਾਂ ਦੀ ਰੰਗ-ਬਰੰਗੀ ਤੇ ਵਿਸ਼ਾਲ ਦੁਨੀਆ ਦਾ ਅਸਲੀ ਪਤਾ ਉਹਨੂੰ ਮੈਲਬੋਰਨ ਜਾ ਕੇ ਹੀ ਲੱਗਾ। ਉਹ ਵਿਸ਼ਾਲ ਸਟੇਡੀਅਮ ਵੇਖ ਕੇ ਹੈਰਾਨ ਰਹਿ ਗਿਆ। ਜੇਤੂਆਂ ਦਾ ਸ਼ਾਹੀ ਸਨਮਾਨ ਉਹਦੇ ਅੰਦਰ ਵੀ ਕੁਤਕੁਤਾੜੀਆਂ ਕੱਢਣ ਲੱਗਾ। ਉਥੇ ਉਹ ਭਾਵੇਂ ਦੌੜਾਂ ਵਿਚ ਹਾਰ ਗਿਆ ਪਰ ਅਗਾਂਹ ਜਿੱਤਣ ਲਈ ਨਵਾਂ ਉਤਸ਼ਾਹ ਲੈ ਕੇ ਮੁੜਿਆ।

ਤੀਜੀਆਂ ਏਸ਼ੀਆਈ ਖੇਡਾਂ 1958 ਵਿਚ ਟੋਕੀਓ ਵਿਖੇ ਹੋਈਆਂ। ਉਥੇ ਮਿਲਖਾ ਸਿੰਘ ਸਭ ਤੋਂ ਤਕੜਾ ਅਥਲੀਟ ਸਿਧ ਹੋਇਆ। ਪਾਕਿਸਤਾਨ ਦਾ ਅਬਦੁਲ ਖ਼ਾਲਿਦ ਦੋ ਸੌ ਮੀਟਰ ਦੀ ਦੌੜ ਦਾ ਇਕ ਤੇਜ਼- ਤਰਾਰ ਦੌੜਾਕ ਸੀ। ਦੌੜ ਤੋਂ ਪਹਿਲਾਂ ਉਸ ਦੀ ਮਿਲਖਾ ਸਿੰਘ ਨਾਲ ਜਾਣ- ਪਛਾਣ ਕਰਾਈ ਤਾਂ ਉਸ ਨੇ ਆਮ ਪੰਜਾਬੀਆਂ ਵਾਂਗ ਫੜ੍ਹ ਮਾਰੀ, "ਏਸ ਸਿਖੜੇ ਨੇ ਮੇਰਾ ਧੱਕਾ ਕਿਥੋਂ ਸਹਿਣਾ ਏ ?"

ਇਹ ਸੁਣ ਕੇ ਮਿਲਖਾ ਸਿੰਘ ਗੁੱਸੇ ਨੂੰ ਅੰਦਰੋ-ਅੰਦਰੀ ਪੀ ਗਿਆ। ਮਿਲਖਾ ਸਿੰਘ ਤੇ ਅਬਦੁਲ ਖ਼ਾਲਿਦ ਵਿਚੋਂ ਜਿਹੜਾ ਵੀ ਇਸ ਦੌੜ ਨੂੰ ਜਿੱਤ ਜਾਂਦਾ ਉਹੀ ਏਸ਼ੀਆ ਦਾ ਸਭ ਤੋਂ ਤਕੜਾ ਐਥਲੀਟ ਮੰਨਿਆ ਜਾਣਾ ਸੀ। ਅਖ਼ਬਾਰਾਂ ਵਿਚ ਕਈ ਤਰ੍ਹਾਂ ਦੇ ਕਿਆਸ ਸਨ ਤੇ ਅਨੇਕਾਂ ਸ਼ਰਤਾਂ ਲੱਗੀਆਂ ਸਨ। ਦੋਹਾਂ ਨੇ ਇਕੋ ਸਮੇਂ ਫੀਤੇ ਨੂੰ ਛੋਹਿਆ। ਦੌੜ ਦੇ ਅੰਤ ਦੀ ਫੋਟੋ ਵੇਖਣ ਉਪਰੰਤ ਐਲਾਨ ਹੋਇਆ—ਮਿਲਖਾ ਸਿੰਘ ਪ੍ਰਥਮ। ਸਾਰਾ ਸਟੇਡੀਅਮ ਹੱਲਾ-ਸ਼ੇਰੀ ਵਿਚ ਗੂੰਜ ਉਠਿਆ। ਮਿਲਖਾ ਸਿੰਘ ਦੇ ਖੁਸ਼ੀ ਨਾਲ ਹੰਝੂ ਵਹਿ ਨਿਕਲੇ। ਅਖ਼ਬਾਰਾਂ ਦੇ ਨੁਮਾਇੰਦਿਆਂ ਨੇ ਉਹਨੂੰ ਘੇਰ ਲਿਆ। ਕੈਮਰਿਆਂ ਦੀਆਂ ਅੱਖਾਂ ਜਗਣ-ਬੁਝਣ ਲੱਗੀਆਂ। ਜੋ ਗੱਲ ਖ਼ੁਆਬ ਵਿਚ ਨਹੀਂ ਸੀ ਹਕੀਕਤ ਬਣ ਗਈ। ਜਾਪਾਨ ਦਾ ਸ਼ਹਿਨਸ਼ਾਹ ਉਹਨੂੰ ਇਨਾਮ ਦੇ ਰਿਹਾ ਸੀ। ਅਗਲੇ ਦਿਨ ਦੁਨੀਆਂ ਵਿਚ ਮਿਲਖਾ ਸਿੰਘ, ਮਿਲਖਾ ਸਿੰਘ ਹੋ ਗਈ।

1958 ਤੋਂ 60 ਤਕ ਉਹ ਏਨਾ ਘੁੰਮਿਆ ਕਿ ਵਤਨ ਲਈ ਤਰਸ ਜਾਂਦਾ। ਉਦੋਂ ਉਹਦਾ

**ਔਖੇ ਸ਼ਬਦਾਂ ਦੇ ਅਰਥ**

| | |
|---|---|
| ਨਿਰਲੇਪ | : ਰਹਿਤ, ਪਰੇ |
| ਰੱਬ-ਘਰ | : ਰੱਬ ਦਾ ਘਰ, ਪਵਿੱਤਰ ਸਥਾਨ |
| ਰੰਗ-ਬਰੰਗੀ | : ਬਹੁਰੰਗੀ, ਬਹੁਤੇ ਰੰਗਾਂ ਵਾਲੀ |
| ਕਿਆਸ | : ਅੰਦਾਜ਼ੇ, ਅਨੁਮਾਨ, ਅਟਕਲ |
| ਹੱਲਾਸ਼ੇਰੀ | : ਵਾਹ-ਵਾਹ |
| ਖ਼ੁਆਬ | : ਸੁਪਨਾ |

**ਔਖੇ ਸ਼ਬਦਾਂ ਦੇ ਅਰਥ**

ਨੁਮਾਇੰਦਿਆਂ : ਪ੍ਰਤੀਨਿਧੀਆਂ



ਮੁੱਖ ਟਿਕਾਣਾ ਲੰਡਨ ਹੁੰਦਾ ਸੀ। ਪਰ ਉਹ ਲੱਭਿਆਂ ਨਹੀਂ ਸੀ ਲੱਭਦਾ। ਇਸ ਸਮੇਂ ਉਹਨੇ ਦੁਨੀਆਂ ਦੇ ਚੋਟੀ ਦੇ ਦੌੜਾਕ ਹਰਾਏ। ਫਿਰ ਇੰਡੋ-ਪਾਕਿ ਮੀਟ ਲਾਹੌਰ ਵਿਚ ਹੋਈ, ਮਿਲਖਾ ਸਿੰਘ ਦੀ ਮਾਤ-ਭੂਮੀ ਦੇ ਨੇੜੇ। ਉਥੇ ਮਿਲਖਾ ਸਿੰਘ ਇੰਚਾਂ-ਫੁੱਟਾਂ ਦੀ ਥਾਂ ਗਜ਼ਾਂ ਦੇ ਫ਼ਾਸਲੇ ਨਾਲ ਪ੍ਰਥਮ ਆਇਆ ਤੇ ਅਨਾਊਂਸਰ ਕਹਿਣ ਲੱਗਾ, "ਮਿਲਖਾ ਸਿੰਘ ਨੇ ਇਹ ਦੌੜ ਕੇ ਨਹੀਂ ਉੱਡ ਕੇ ਪੂਰੀ ਕੀਤੀ ਹੈ। ਇਸ ਲਈ ਮਿਲਖਾ ਸਿੰਘ ਨੂੰ 'ਫ਼ਲਾਇੰਗ ਸਿੱਖ' ਕਹਿਣਾ ਚਾਹੀਦਾ ਹੈ।"

ਉਦੋਂ ਤੋਂ 'ਫ਼ਲਾਇੰਗ ਸਿੱਖ' ਦਾ ਖ਼ਿਤਾਬ ਮਿਲਖਾ ਸਿੰਘ ਦੇ ਨਾਂ ਨਾਲ ਜੁੜਿਆ ਆ ਰਿਹਾ ਹੈ। ਬਾਅਦ ਵਿਚ ਪਦਮ ਸ਼੍ਰੀ ਦਾ ਸਨਮਾਨ ਵੀ ਉਹਨੂੰ ਮਿਲਿਆ। ਉਸ ਨੇ ਆਪਣੀ ਸਵੈ-ਜੀਵਨੀ ਦਾ ਨਾਂ 'ਫ਼ਲਾਇੰਗ ਸਿੱਖ-ਮਿਲਖਾ ਸਿੰਘ' ਰੱਖਿਆ ਹੈ।

ਉਲੰਪਿਕ ਖੇਡਾਂ ਤੋਂ ਕੁਝ ਸਮਾਂ ਪਹਿਲਾਂ ਮਿਲਖਾ ਸਿੰਘ ਨੂੰ ਭਾਰਤ ਦੇ ਫ਼ੌਜੀ ਅਥਲੀਟਾਂ ਦੀ ਟੀਮ ਦਾ ਕਪਤਾਨ ਬਣਾ ਕੇ ਯੂਰਪ ਦੇ ਦੌਰੇ ਉੱਤੇ ਭੇਜ ਦਿੱਤਾ ਗਿਆ। ਇਸ ਦੌਰੇ ਵਿਚ ਉਸ ਨੂੰ ਦੌੜ ਦੇ ਕਾਫ਼ੀ ਸਖ਼ਤ ਮੁਕਾਬਲੇ ਪੇਸ਼ ਆਏ। ਸਵੀਡਨ ਵਿਚ ਦੌੜਦਿਆਂ ਮਿਲਖਾ ਸਿੰਘ ਨੇ ਚਾਰ ਸੌ ਮੀਟਰ ਦੀ ਦੌੜ ਪਹਿਲੇ ਉਲੰਪਿਕ ਰਿਕਾਰਡ ਜਿੰਨੇ ਸਮੇਂ, ਭਾਵ 45.9 ਸੈਕਿੰਡ ਵਿਚ ਪੂਰੀ ਕੀਤੀ। ਪੈਰਿਸ ਵਿਚ ਦੌੜਦਿਆਂ ਉਸ ਨੇ 45.8 ਸੈਕਿੰਡ ਟਾਈਮ ਕੱਢਿਆ। ਉਹਦਾ ਵਿਸ਼ਵਾਸ ਪੱਕਾ ਹੋ ਗਿਆ ਕਿ ਉਹ ਉਲੰਪਿਕ ਜਿੱਤ ਲਵੇਗਾ। ਉਸ ਨੇ ਧਾਰ ਲਿਆ ਕਿ ਉਹ ਕੇਵਲ 400 ਮੀਟਰ ਹੀ ਦੌੜੇਗਾ ਤੇ 200 ਮੀਟਰ ਛੱਡ ਦੇਵੇਗਾ। ਪਰ ਇਹ ਫ਼ੈਸਲਾ ਉਹਨੂੰ ਦਗ਼ਾ ਦੇ ਗਿਆ। ਸਾਰੇ ਮੰਨਦੇ ਹਨ ਜੇਕਰ ਮਿਲਖਾ ਸਿੰਘ ਦੋ ਸੌ ਮੀਟਰ ਦੌੜਦਾ ਤਾਂ ਰੋਮ ਤੋਂ ਕੋਈ ਨਾ ਕੋਈ ਤਗ਼ਮਾ ਜ਼ਰੂਰ ਜਿੱਤਦਾ।

ਰੋਮ ਦੀ ਦੌੜ ਪਿਛੋਂ ਮਿਲਖਾ ਸਿੰਘ ਉਦਾਸ ਹੋ ਗਿਆ। ਅਖ਼ੀਰ ਦੋਸਤਾਂ, ਮਿੱਤਰਾਂ ਤੇ ਅਫ਼ਸਰਾਂ ਦੇ ਦਿਲਾਸੇ ਦੇਣ ਤੇ ਸਮਝਾਉਣ ਪਿਛੋਂ ਉਹ ਸੰਭਲ ਗਿਆ। ਉਸ ਨੇ ਫਿਰ ਕਿੱਲਾਂ ਵਾਲੇ ਬੂਟ (ਸਪਾਈਕਸ) ਪਹਿਨ ਲਏ ਤੇ ਮੁੜ ਆਪਣੇ ਤੀਰਥ ਸਥਾਨ ਨੂੰ ਜਾ ਮੱਥਾ ਟੇਕਿਆ।

1962 ਵਿਚ ਜਕਾਰਤਾ ਵਿਖੇ ਚੌਥੀਆਂ ਏਸ਼ਿਆਈ ਖੇਡਾਂ ਵਿਚ ਉਸ ਨੇ ਫਿਰ ਸੋਨੇ ਦੇ ਤਗ਼ਮੇ ਜਿੱਤੇ। 1964 ਦੀਆਂ ਉਲੰਪਿਕ ਖੇਡਾਂ ਵਿਚ ਤੀਜੀ ਵਾਰ ਹਿੱਸਾ ਲਿਆ। ਅਖ਼ੀਰ ਟੋਕਿਓ ਦੀ ਉਲੰਪਿਕ ਦੌੜ ਦੌੜਨ ਪਿੱਛੋਂ ਦੌੜ ਨੂੰ ਅਲਵਿਦਾ ਕਹਿ ਕੇ ਕਿੱਲਾਂ ਵਾਲੇ ਬੂਟ ਕਿੱਲੀ ਉੱਤੇ ਟੰਗ ਦਿੱਤੇ, ਜੋ ਵੰਗਾਰ ਰਹੇ ਹਨ, ਆਵੇ ਕੋਈ ਨਿਤਰੇ।

**ਪ੍ਰਕਾਸ਼ ਸਿੰਘ ਗਿੱਲ**

## ਟਿੱਪਣੀ

ਇਹ ਜੀਵਨੀ ਸਾਨੂੰ ਇਸ ਗੱਲ ਦਾ ਬੋਧ ਕਰਾਉਂਦੀ ਹੈ ਕਿ ਮਿਲਖਾ ਸਿੰਘ ਜੀਵਨ ਦੀਆਂ ਅਨੇਕਾਂ ਔਕੜਾਂ ਦਾ ਸਾਹਮਣਾ ਕਰਦਾ ਹੋਇਆ, ਮਹਾਨ ਖਿਡਾਰੀ ਬਣਿਆ। ਬਚਪਨ ਵਿਚ ਹੀ ਮਾਂ-ਬਾਪ ਦਾ ਸਾਇਆ ਸਿਰ ਉੱਤੋਂ ਉਠ ਜਾਣ ਪਿੱਛੋਂ ਉਸ ਦੀ ਵੱਡੀ ਭੈਣ ਨੇ ਉਹਦਾ ਪਾਲਣ-ਪੋਸਣ ਕੀਤਾ ਅਤੇ ਔਖੇ ਵੇਲੇ ਸਦਾ ਉਸ ਦਾ ਸਾਥ ਦਿੱਤਾ। ਉਹ ਬੁਰੀ ਸੰਗਤ ਵਿਚ ਫਸ ਗਿਆ ਪਰ ਫ਼ੌਜ ਵਿਚ ਭਰਤੀ ਹੋਣ ਪਿੱਛੋਂ ਉਹ ਇਕ ਅਨੁਸ਼ਾਸਤ ਸਿਪਾਹੀ ਬਣ ਗਿਆ। ਇੱਥੇ ਹੀ ਉਸ ਵਿਚ ਦੌੜਨ ਦਾ ਚਾਅ ਜਾਗਿਆ। ਫਿਰ ਤਾਂ ਉਸ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਦੌੜ ਨੂੰ ਉਸ ਨੇ ਆਪਣਾ ਖ਼ੁਦਾ ਬਣਾ ਲਿਆ ਅਤੇ ਆਪਣਾ ਸਭ ਕੁਝ ਦੌੜ ਲਈ ਕੁਰਬਾਨ ਕਰ ਦਿੱਤਾ। ਦੌੜ ਵਿਚ ਉਸ ਦੇ ਬਣਾਏ ਗਏ ਰਿਕਾਰਡ ਏਸ਼ੀਆ ਦੇ ਅਥਲੀਟਾਂ ਲਈ ਪ੍ਰੇਸ਼ਾਨੀ ਦਾ ਸਬੱਬ ਬਣੇ ਰਹੇ ਹਨ।

## ਅਭਿਆਸ

**1. ਦੱਸੋ ਖਾਂ ਭਲਾ :**

(i) ਮਿਲਖਾ ਸਿੰਘ ਨੇ ਕਿੰਨੇ ਦੌੜ ਮੁਕਾਬਲਿਆਂ 'ਚ ਹਿੱਸਾ ਲਿਆ ਅਤੇ ਕਿੰਨੇ ਮੁਕਾਬਲਿਆਂ ਵਿਚ ਜਿੱਤ ਹਾਸਲ ਕੀਤੀ ?

(ii) ਚਾਰ ਸੌ ਮੀਟਰ ਦੀ ਦੌੜ ਵਿਚ ਜਗਤ ਪ੍ਰਸਿੱਧੀ ਹਾਸਲ ਕਰਨ ਲਈ ਉਸ ਨੂੰ ਕਿੰਨਾ ਕੁ ਅਭਿਆਸ ਕਰਨਾ ਪਿਆ ?

(iii) ਮੈਲਬਰਨ ਦੀ ਕਿਹੜੀ ਚੀਜ਼ ਨੇ ਮਿਲਖਾ ਸਿੰਘ ਨੂੰ ਪ੍ਰਭਾਵਿਤ ਕੀਤਾ ?

(iv) 1958 ਦੀਆਂ ਟੋਕੀਓ ਏਸ਼ੀਆਈ ਖੇਡਾਂ ਵਿਚ ਮਿਲਖਾ ਸਿੰਘ ਮੂਹਰੇ ਕਿਹੜਾ ਖਿਡਾਰੀ ਸਭ ਤੋਂ ਵੱਡੀ ਚੁਨੌਤੀ ਸੀ।

(v) ਕਿਹੜੀ ਦੌੜ ਜਿੱਤਣ ਪਿੱਛੋਂ ਦੁਨੀਆਂ ਵਿਚ ਮਿਲਖਾ ਸਿੰਘ-ਮਿਲਖਾ ਸਿੰਘ ਹੋ ਗਈ?

(vi) ਮਿਲਖਾ ਸਿੰਘ ਨੂੰ 'ਫਲਾਇੰਗ ਸਿੱਖ' ਦਾ ਖ਼ਿਤਾਬ ਸਭ ਤੋਂ ਪਹਿਲਾਂ ਕਿੱਥੇ ਮਿਲਿਆ?

(vii) ਮਿਲਖਾ ਸਿੰਘ ਕਿਹੜੀ ਦੌੜ ਕਾਰਨ ਉਦਾਸ ਹੋ ਗਿਆ ?

(viii) ਮਿਲਖਾ ਸਿੰਘ ਨੇ ਦੌੜ ਨੂੰ ਅਲਵਿਦਾ ਕਦੋਂ ਆਖੀ ?

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ

(i) ਜੇਕਰ ਤੁਸੀਂ ਮਿਲਖਾ ਸਿੰਘ ਵਾਂਗ ਇਕ ਤੇਜ਼-ਤਰਾਰ ਦੌੜਾਕ ਹੁੰਦੇ ਤਾਂ ਤੁਹਾਡੀ ਖੇਡ ਪ੍ਰਤੀ ਕਿਹੋ ਜਿਹੀ ਭਾਵਨਾ ਹੁੰਦੀ ? ਵਿਸਤਾਰ ਨਾਲ ਲਿਖੋ।

(ii) ਕਿਸੇ ਅਜਿਹੇ ਖਿਡਾਰੀ ਬਾਰੇ ਇਕ ਲੇਖ ਲਿਖੋ ਜਿਸ ਵਿਚ ਮਿਲਖਾ ਸਿੰਘ ਵਾਂਗ ਹੀ ਦ੍ਰਿੜ੍ਹਤਾ ਤੇ ਸਵੈ-ਵਿਸ਼ਵਾਸ ਵਾਲੇ ਗੁਣ ਹੋਣ।

(iii) ਉਲੰਪਿਕ ਖੇਡਾਂ ਬਾਰੇ ਤੁਸੀਂ ਕੀ ਜਾਣਦੇ ਹੋ ? ਇਕ ਜਾਣਕਾਰੀ ਭਰਪੂਰ ਲੇਖ ਲਿਖੋ।

(iv) ਖੇਡਾਂ ਵਿਚ ਨੈਤਿਕਤਾ ਦੀ ਲੋੜ ਉਪਰ ਬਲ ਦਿੰਦੇ ਹੋਏ ਇਨ੍ਹਾਂ ਦੇ ਮਹੱਤਵ ਬਾਰੇ ਆਪਣੇ ਵਿਚਾਰ ਪੇਸ਼ ਕਰੋ।

### ਅ. ਹੇਠ ਲਿਖੇ ਵਾਕਾਂ ਨੂੰ ਵਿਸਰਾਮ-ਚਿੰਨ੍ਹ ਲਾ ਕੇ ਲਿਖੋ :

(i) ਉਸਤਾਦ ਨੇ ਕਿਹਾ ਮਿਲਖਾ ਸਿੰਘ ਦੌੜੋ

(ii) ਦੌੜਦੇ ਦੌੜਦੇ ਮਿਲਖਾ ਸਿੰਘ ਦਾ ਸਾਹ ਪੱਕ ਗਿਆ

(iii) ਕਾਸ਼ ਮੈਂ ਚਾਰ ਸੌ ਮੀਟਰ ਨਾ ਦੌੜਦਾ

(iv) ਮਿਲਖਾ ਸਿੰਘ ਨੇ ਹੇਠਾਂ ਲਿਖੇ ਸ਼ਹਿਰਾਂ ਵਿਖੇ ਦੌੜ ਵਿਚ ਹਿੱਸਾ ਲਿਆ
ਟੋਕੀਓ ਲਾਹੌਰ ਪੈਰਿਸ

### ੲ. ਹੇਠ ਲਿਖੇ ਵਾਕਾਂ ਨੂੰ ਸੋਧ ਕੇ ਲਿਖੋ :

(i) ਮਿਲਖਾ ਸਿੰਘ ਦਾ ਭਰਾ ਵੱਡਾ ਮੁਲਤਾਨ ਵਿਚ ਫੌਜ ਸੀ।

(ii) ਦੌੜਿਆ ਮਿਲਖਾ ਸਿੰਘ ਵਿਚ ਉਲੰਪਿਕ।

(iii) ਬੂਟ ਵਾਲੇ ਕਿੱਲਾਂ ਪਾ ਕੇ ਸੀ ਦੌੜਦਾ ਉਹ।

(iv) ਮੁੰਡੇ ਇਸ ਨੂੰ ਮੈਂ ਤਾਂ ਵਿਚ ਰਾਹ ਦੇ ਹੀ ਦੇਣਾ ਛੱਡ ਹੈ।

(v) ਦੌੜ ਮਿਲਖਾ ਸਿੰਘ ਨੇ ਕੀਤੀ ਪੂਰੀ ਸੀ ਉੱਡ ਕੇ।

### ਸ. ਹੇਠ ਲਿਖੀਆਂ ਖਾਲੀ ਥਾਵਾਂ ਭਰੋ :

| | |
|---|---|
| ਦਾ | ਤੇ |
| ਵਿਖੇ | ਛੇਵੇਂ |
| ਵਿਦੇਸ਼ | 200 |

(i) ਮਿਲਖਾ ਸਿੰਘ ... ਅਬਦੁਲ ਖ਼ਾਲਿਦ ਵਿਚਕਾਰ ਸਖ਼ਤ ਮੁਕਾਬਲਾ ਸੀ।

(ii) ਮਿਲਖਾ ਸਿੰਘ ... ਜਨਮ ਗੋਬਿੰਦਪੁਰਾ ... ਹੋਇਆ।

(iii) ਮਿਲਖਾ ਸਿੰਘ ਕਰਾਸ ਕੰਟਰੀ ਵਿਚ ... ਨੰਬਰ 'ਤੇ ਆਇਆ।

(iv) ਮਿਲਖਾ ਸਿੰਘ ਨੇ ... ਮੀਟਰ ਦੌੜ ਛੱਡਣ ਦਾ ਫ਼ੈਸਲਾ ਲਿਆ ਸੀ।

(v) ... ਜਾ ਕੇ ਮਿਲਖਾ ਸਿੰਘ ਨੂੰ ਖੇਡਾਂ ਦੀ ਰੰਗ-ਬਿਰੰਗੀ ਤੇ ਵਿਸ਼ਾਲ ਦੁਨੀਆਂ ਦਾ ਪਤਾ ਲੱਗਾ।